BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ 2020 ਲਈ ਮਜ਼ਬੂਤ AAA ਕ੍ਰੈਡਿਟ ਰੇਟਿੰਗ ਨੂੰ ਕਾਇਮ ਰੱਖਿਆ

ਬ੍ਰੈਂਪਟਨ, ਓਨਟੈਰੀਓ (16 ਅਕਤੂਬਰ, 2020) – ਕੱਲ੍ਹ, ਐਸ ਐਂਡ ਪੀ ਗਲੋਬਲ ਰੇਟਿੰਗਸ (ਐਸ ਐਂਡ ਪੀ) ਨੇ 2020 ਲਈ ਸਿਟੀ ਆਫ ਬ੍ਰੈਂਪਟਨ ਦੀ ਟ੍ਰਿਪਲ 'A' ਰੇਟਿੰਗ ਦੀ ਪੁਸ਼ਟੀ ਕੀਤੀ (S&P Global Ratings (S&P) affirmed the City of Brampton's Triple 'A' rating for 2020), ਇਹ ਉਹ ਉੱਚੀ ਕ੍ਰੈਡਿਟ ਰੇਟਿੰਗ ਹੈ, ਜੋ ਮਿਊਨਿਸਿਪਲਿਟੀ ਨੂੰ ਸਥਿਰ ਦ੍ਰਿਸ਼ਟੀਕੋਣ ਨਾਲ ਮਿਲ ਸਕਦੀ ਹੈ। ਐਸ ਐਂਡ ਪੀ (S&P) ਦੇ ਮੁਤਾਬਕ, ਰੇਟਿੰਗ ਸਿਟੀ ਦੀਆਂ ਠੋਸ ਅਰਥਚਾਰੇ ਅਤੇ ਵਿੱਤੀ ਪ੍ਰਬੰਧਨ ਸਬੰਧੀ ਪੱਧਤੀਆਂ ਨੂੰ ਦਰਸਾਉਂਦੀ ਹੈ, ਜੋ ਕੋਵਿਡ-19 (COVID-19) ਮਹਾਂਮਾਰੀ ਤੋਂ ਇਸਦੀ ਬਹਾਲੀ ਵਿੱਚ ਮਦਦ ਕਰਨਗੀਆਂ।

**ਸੁਰਖੀਆਂ**

ਐਸ ਐਂਡ ਪੀ, ਸਿਟੀ ਦੀ ਮਜ਼ਬੂਤ ਕ੍ਰੈਡਿਟ ਰੇਟਿੰਗ ਵਿੱਚ ਯੋਗਦਾਨ ਦੇਣ ਵਾਲੇ ਕਾਰਕਾਂ ਬਾਰੇ ਦੱਸਦੀ ਹੈ, ਜਿਹਨਾਂ ਵਿੱਚ ਸ਼ਾਮਲ ਹਨ:

- ਸਹਿਯੋਗੀਆਂ ਦੇ ਮੁਕਾਬਲੇ ਕਰਜ਼ ਸੇਵਾ ਕਵਰੇਜ ਨੂੰ ਵੱਧ ਮਜ਼ਬੂਤ ਰੱਖਦੇ ਹੋਏ, ਅਸਧਾਰਨ ਨਕਦੀ ਪੋਜੀਸ਼ਨ।
- ਰਾਸ਼ਟਰੀ ਔਸਤ ਦੇ ਮੁਕਾਬਲੇ ਘੱਟ ਉਮਰ ਵਾਲੀ ਅਬਾਦੀ ਅਤੇ ਸਿਹਤਮੰਦ ਅਬਾਦੀ ਵਿੱਚ ਵਾਧੇ ਦੇ ਨਾਲ, ਚੰਗੀਆਂ ਸਮਾਜਿਕ-ਆਰਥਿਕ ਅਤੇ ਭੂਗੋਲਿਕ ਵਿਸ਼ੇਸ਼ਤਾਵਾਂ, ਵੱਡੀਆਂ ਮਾਰਕੀਟਾਂ ਨਾਲ ਨਿਕਟਤਾ ਅਤੇ ਮੁਕਾਬਲੇਦਾਰ ਟੈਕਸ ਰੇਟ, ਜੋ ਖੇਤਰ ਵਿੱਚ ਨਵੇਂ ਕਾਰੋਬਾਰੀਆਂ ਅਤੇ ਰੋਜ਼ਗਾਰ ਮੌਕਿਆਂ ਨੂੰ ਆਕਰਸ਼ਿਤ ਕਰਦੇ ਹਨ।
- ਢੁੱਕਵੀਂ ਜਾਣਕਾਰੀ ਤੱਕ ਪਹੁੰਚ ਵਿੱਚ ਅਸਾਨ ਪ੍ਰਗਟਾਵਾ ਅਤੇ ਵਿਸਤ੍ਰਿਤ ਸੰਚਾਲਨ ਅਤੇ ਪੂੰਜੀ ਬਜਟ।

ਸਥਿਰ ਦ੍ਰਿਸ਼ਟੀਕੋਣ ਰੇਟਿੰਗ, ਐਸ ਐਂਡ ਪੀ ਦੀ ਉਸ ਉਮੀਦ ਨੂੰ ਦਰਸਾਉਂਦੀ ਹੈ ਕਿ ਜਿਵੇਂ ਹੀ ਕੋਵਿਡ-19 ਸਬੰਧੀ ਪਾਬੰਦੀਆਂ ਦੂਰ ਹੋਣਗੀਆਂ, ਅਗਲੇ ਦੋ ਸਾਲਾਂ ਵਿੱਚ ਬ੍ਰੈਂਪਟਨ ਦੇ ਅਰਥਚਾਰੇ ਦੀ ਰਫਤਾਰ ਤੇਜ਼ ਹੋਵੇਗੀ, ਜਿਸ ਨਾਲ ਸਿਟੀ ਦੇ ਮਜ਼ਬੂਤ ਬਜਟ ਸਬੰਧੀ ਪ੍ਰਦਰਸ਼ਨ ਅਤੇ ਚੰਗੀ ਨਕਦੀ ਪੋਜੀਸ਼ਨ ਵਿੱਚ ਮਦਦ ਮਿਲੇਗੀ।

**ਹਵਾਲੇ**

"ਲਗਭਗ 20 ਸਾਲਾਂ ਵਿੱਚ ਸਭ ਤੋਂ ਪਹਿਲਾਂ, ਅਸੀਂ ਰਾਖਵੀਆਂ ਸੰਪਤੀਆਂ ਵਿੱਚ ਰਿਕਾਰਡ ਯੋਗਦਾਨ ਦਿੰਦੇ ਹੋਏ ਟੈਕਸ ਫ੍ਰੀਜ਼ ਪ੍ਰਦਾਨ ਕੀਤਾ ਅਤੇ ਲਗਾਤਾਰ ਦੋ ਸਾਲਾਂ ਤੱਕ ਇਸਨੂੰ ਕਾਇਮ ਰੱਖਿਆ। ਅਸੀਂ ਪੈਸੇ ਦੇ ਮੁੱਲ ਸਬੰਧੀ ਆੱਡਿਟ ਵੀ ਕੀਤਾ, ਜਿਸ ਵਿੱਚ $7.2 ਮਿਲੀਅਨ ਦੀ ਸੰਭਾਵੀ ਬੱਚਤ ਦੀ ਪਛਾਣ ਕੀਤੀ ਗਈ ਅਤੇ ਇੱਕ ਪੂੰਜੀ ਪ੍ਰੋਜੈਕਟ ਸਮੀਖਿਆ ਵੀ ਕੀਤੀ, ਜਿਸ ਵਿੱਚ ਵਾਪਸ ਕੀਤੇ ਜਾਣ ਅਤੇ ਨਵੀਆਂ ਪਹਿਲਕਦਮੀਆਂ ਵਾਸਤੇ ਇਸਤੇਮਾਲ ਕਰਨ ਲਈ ਫੰਡਿੰਗ ਵਿੱਚ $9.2 ਮਿਲੀਅਨ ਦੀ ਪਛਾਣ ਕੀਤੀ ਗਈ ਅਤੇ ਅੱਗੇ ਦੀ ਸਮੀਖਿਆ ਲਈ $10.5 ਮਿਲੀਅਨ ਦੀ ਪਛਾਣ ਕੀਤੀ ਗਈ। ਅਸੀਂ ਅਜਿਹੇ ਯਤਨ ਕਰਨਾ ਜਾਰੀ ਰੱਖਾਂਗੇ, ਜੋ ਬ੍ਰੈਂਪਟਨ ਨੂੰ ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਬਣਾਉਣ ਵਿੱਚ ਅਤੇ ਮਹਾਂਮਾਰੀ ਤੋਂ ਸਾਡੀ ਬਹਾਲੀ ਸੰਚਾਲਿਤ ਕਰਨ ਵਿੱਚ ਮਦਦ ਕਰਨ ਵਾਲੇ ਹੋਣ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਮਹਾਂਮਾਰੀ ਦੇ ਆਉਣ ਤੋਂ ਪਹਿਲਾਂ ਕੀਤੇ ਸਾਡੇ ਯਤਨਾਂ ਨੇ ਸਿਟੀ ਦੀਆਂ ਰਾਖਵੀਆਂ ਸੰਪਤੀਆਂ ਨੂੰ ਮਜ਼ਬੂਤ ਕੀਤਾ ਅਤੇ ਅੱਜ ਸਾਡੇ ਸਾਮ੍ਹਣੇ ਆ ਰਹੀਆਂ ਬੇਹੱਦ ਮੁਸ਼ਕਲ ਚੁਣੌਤੀਆਂ ਦੀ ਸਥਿਤੀ ਵਿੱਚ ਵੀ, ਸਾਡੀ ਵਿੱਤੀ ਸਥਿਤੀ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕੀਤੀ ਹੈ। ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਸਿਤ ਹੋਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਵਜੋਂ, ਇਨੋਵੇਸ਼ਨ ਕੋਰੀਡੋਰ ਤੇ ਸਥਿਤ, ਬ੍ਰੈਂਪਟਨ ਇੱਕ ਮੁੱਖ ਵਾਧਾ ਕੇਂਦਰ ਬਣਿਆ ਹੋਇਆ ਹੈ, ਜਿੱਥੇ ਪ੍ਰਤਿਭਾ ਅਤੇ ਵੰਨ-ਸੁਵੰਨਤਾ ਵਿਕਸਿਤ ਹੁੰਦੀ ਹੈ।"

– *ਹਰਕੀਰਤ ਸਿੰਘ (Harkirat Singh), ਸਿਟੀ ਕਾਊਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਅਸੀਂ ਸਾਡੇ ਸੰਚਾਲਨਾਂ ਨੂੰ ਆਧੁਨਿਕ ਬਣਾਉਂਦੇ ਹੋਏ, ਸਾਵਧਾਨੀ ਨਾਲ ਲਾਗਤਾਂ ਵਿੱਚ ਸੰਤੁਲਨ ਰੱਖ ਕੇ ਸਿਟੀ ਨੂੰ ਪ੍ਰਭਾਵੀ ਢੰਗ ਨਾਲ ਸੰਚਾਲਿਤ ਰੱਖਣ ਦਾ ਯਤਨ ਕੀਤਾ ਹੈ। ਬ੍ਰੈਂਪਟਨ ਨੂੰ ਅੱਗੇ ਵਧਾਉਣਾ ਜਾਰੀ ਰੱਖਣ ਲਈ ਅਤੇ ਸਾਡੇ ਨਿਵਾਸੀਆਂ, ਕਾਰੋਬਾਰੀਆਂ ਅਤੇ ਨਿਵੇਸ਼ਕਾਂ ਨੂੰ ਬਿਹਤਰ ਮਦਦ ਦੇਣ ਲਈ, ਖਾਸ ਕਰਕੇ ਜਦੋਂ ਅਸੀਂ ਕੋਵਿਡ-19 ਦੇ ਅਸਰਾਂ ਤੋਂ ਬਾਹਰ ਨਿੱਕਲ ਰਹੇ ਹਾਂ – ਅਸੀਂ ਸੇਵਾ ਅਤੇ ਆਰਥਿਕ ਉੱਤਮਤਾ ਨੂੰ ਤਰਜੀਹ ਦੇਣ ਲਈ ਵਚਨਬੱਧ ਹਾਂ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca